AQA

Please write clearly in block capitals.

Centre number | | | | | |　　Candidate number | | | | |

Surname ____________________

Forename(s) ____________________

Candidate signature ____________________
I declare this is my own work.

# A-level
# PANJABI

## Paper 1 Reading and Writing

Time allowed: 2 hours 30 minutes

**Instructions**
- You must **not** use a dictionary.
- Use black ink or black ball-point pen.
- Fill in the boxes at the top of this page.
- Answer **all** questions in Section A and **one** question in Section B.
- You must answer the questions in the spaces provided. Do not write outside the box around each page or on blank pages.
- If you need extra space for your answer(s), use the lined pages at the end of this book. Write the question number against your answer(s).
- Do all rough work in this book. Cross through any work you do not want to be marked.

**Information**
- The marks for questions are shown in brackets.
- The maximum mark for this paper is 85.
- You should note that the quality of your written language in both Panjabi and English will be taken into account when marks are awarded.
- In the summary question you should write no more than 90 words. You should write in full sentences, using your own words as far as possible.
- This paper is divided into **two** sections:
  Section A　Reading and Translation　45 marks
  Section B　Writing (Research Project)　40 marks.

**Advice**
- You are advised to allocate your time as follows:
  Reading and Translation　1 hour 15 minutes approximately
  Writing (Research Project)　1 hour 15 minutes approximately.

| For Examiner's Use | |
|---|---|
| Question | Mark |
| 1 | |
| 2 | |
| 3 | |
| 4 | |
| 5 | |
| 6 | |
| 7 | |
| 8 | |
| 9 | |
| TOTAL | |

Do not write outside the box

## Section A

### Reading and Translation

Answer **all** questions in the spaces provided.

**0 1** **ਫੁਲਕਾਰੀ ਦਾ ਪੁਨਰ-ਜਨਮ**

ਤੁਸੀਂ ਪੰਜਾਬ ਦੀ ਹੱਥ ਨਾਲ ਕੀਤੀ ਕਢਾਈ ਦੀ ਕਲਾ ਬਾਰੇ ਇਹ ਬਲੌਗ ਪੜ੍ਹੋ।

ਫੁਲਕਾਰੀ, ਪੰਜਾਬ ਦੀ ਵਰ੍ਹਿਆਂ ਪੁਰਾਣੀ ਕਲਾ, ਹੱਥ ਨਾਲ ਕੀਤੀ ਹੋਈ ਕਢਾਈ ਹੈ ਜਿਸ ਵਿੱਚ ਕੱਪੜੇ ਤੇ ਸਿੱਧੇ ਟਾਂਕੇ ਲਾ ਕੇ ਫੁੱਲਾਂ ਵਰਗੇ ਕਈ ਕਿਸਮ ਦੇ ਪੇਚੀਦਾ ਨਮੂਨੇ ਬਣਾਏ ਜਾਂਦੇ ਹਨ। ਅੱਜ ਕੱਲ੍ਹ 'ਹੱਥ ਦਾ ਕੰਮ' ਪ੍ਰਚਲਿਤ ਫੈਸ਼ਨ ਹੈ, ਇਸ ਕਰਕੇ ਫੁਲਕਾਰੀ ਦਾ ਮਾਨੋ ਪੁਨਰ ਆਰੰਭ ਹੋ ਰਿਹਾ ਜਾਪਦਾ ਹੈ। ਪਿਛਲੇ ਸਾਲ ਫੁਲਕਾਰੀ ਦੀ ਇੱਕ ਪ੍ਰਦਰਸ਼ਨੀ ਦਾ ਅਮਰੀਕਾ ਦੇ ਇੱਕ ਵੱਡੇ ਕਲਾ ਦੇ ਅਜਾਇਬ ਘਰ ਵਿੱਚ ਲਗਾਇਆ ਜਾਣਾ ਇਸ ਗੱਲ ਦਾ ਸਬੂਤ ਦਿੰਦਾ ਹੈ।

ਬਹੁਤ ਸਮਾਂ ਲਗਾ ਕੇ ਕੀਤੀ ਗਈ ਇਹ ਕਢਾਈ ਰਵਾਇਤੀ ਤੌਰ ਤੇ ਭਾਰੀ ਦੁਪੱਟਿਆਂ ਵਿੱਚ ਇਸਤੇਮਾਲ ਹੁੰਦੀ ਆਈ ਹੈ, ਪਰ ਹੁਣ ਇਹ ਨਾ ਸਿਰਫ ਸਜਾਵਟ ਦੇ ਸਾਮਾਨ, ਜਿਵੇਂ ਕਿ ਗੱਦੀਆਂ ਦੇ ਗਿਲਾਫ਼, ਮੇਜ਼ਪੋਸ਼, ਦੀਵਾਰ ਦੀ ਸਜਾਵਟ ਰਾਹੀਂ ਪ੍ਰਸਿੱਧੀ ਪ੍ਰਾਪਤ ਕਰ ਰਹੀ ਹੈ, ਬਲਕਿ ਡਿਜ਼ਾਈਨਰ ਪੁਸ਼ਾਕਾਂ ਵਿੱਚ ਵੀ ਨਜ਼ਰ ਆਉਂਦੀ ਹੈ।

ਪਹਿਲਾਂ ਫੁਲਕਾਰੀ ਦੇ 52 ਕਿਸਮ ਦੇ ਟਾਂਕੇ ਹੁੰਦੇ ਸਨ, ਪਰ ਹੁਣ ਬਹੁਤ ਘੱਟ ਲੋਕ ਹਨ ਜੋ ਇੰਨੀਆਂ ਕਿਸਮਾਂ ਦੀ ਕਾਰੀਗਰੀ ਕਰ ਸਕਦੇ ਹਨ, ਜੋ ਕਿ ਕਲਾ ਇਤਿਹਾਸਕਾਰ ਡਾਕਟਰ ਅਲਕਾ ਪਾਂਡੇ ਲਈ ਚਿੰਤਾ ਦਾ ਵਿਸ਼ਾ ਹੈ। ਕੁਝ ਸਾਲ ਪਹਿਲਾਂ ਫੈਸ਼ਨ ਡਿਜ਼ਾਈਨਰ ਤਨੂ ਸ਼ਰਮਾ ਨੇ ਮਹਿਸੂਸ ਕੀਤਾ ਕਿ ਔਰਤਾਂ ਨੇ ਫੁਲਕਾਰੀ ਵਾਲੀਆਂ ਪੁਸ਼ਾਕਾਂ ਪਾਉਣੀਆਂ ਬੰਦ ਕਰ ਦਿੱਤੀਆਂ ਸਨ ਕਿਉਂਕਿ ਉਨ੍ਹਾਂ ਨੂੰ ਇਹ ਪੁਸ਼ਾਕਾਂ ਬਹੁਤ ਨੁਮਾਇਸ਼ੀ ਲਗਦੀਆਂ ਸਨ। ਇਸ ਕਰਕੇ ਤਨੂ ਨੇ ਆਧੁਨਿਕ ਸ਼ੈਲੀ ਦੀਆਂ ਫੁਲਕਾਰੀ ਪੁਸ਼ਾਕਾਂ ਬਣਾਉਣੀਆਂ ਸ਼ੁਰੂ ਕੀਤੀਆਂ ਜੋ ਕਿ ਮੁਟਿਆਰਾਂ ਯੂਨੀਵਰਸਿਟੀਆਂ ਵਿੱਚ ਅਤੇ ਕੰਮਾਂ ਤੇ ਆਸਾਨੀ ਨਾਲ ਪਾ ਕੇ ਜਾ ਸਕਣ। ਹੁਣ ਉਸ ਦੇ ਬਣਾਏ ਹੋਏ ਕੋਈ ਵੀ ਸੂਟ, ਸਾੜੀਆਂ ਜਾਂ ਲਹਿੰਗੇ ਫੁਲਕਾਰੀ ਕਢਾਈ ਤੋਂ ਬਗੈਰ ਨਹੀਂ ਹੁੰਦੇ ਅਤੇ ਇਹ ਬਹੁਤ ਮਸ਼ਹੂਰ ਹਨ। ਡਿਜ਼ਾਈਨਰ ਮਨੀਸ਼ ਮਲਹੋਤਰਾ ਤੋਂ ਪ੍ਰੇਰਿਤ ਨੌਜਵਾਨ ਮਰਦ ਵੀ ਅੱਜ ਕੱਲ੍ਹ ਫੁਲਕਾਰੀ ਦੀ ਕਢਾਈ ਵਾਲੇ ਰਵਾਇਤੀ ਕੱਪੜੇ ਪਾਉਂਦੇ ਹਨ।

Do not write outside the box

**0 1 . 1** ਇਸ ਵਾਰਤਾ ਅਨੁਸਾਰ ਫੈਸ਼ਨ ਜਗਤ ਵਿੱਚ ਫੁਲਕਾਰੀ ਦੀ ਕਲਾ ਦੇ ਵਾਪਸ ਆਉਣ ਦਾ ਕੀ ਕਾਰਨ ਹੈ ?

**[1 mark]**

**0 1 . 2** ਅੱਜ ਕੱਲ੍ਹ ਫੁਲਕਾਰੀ ਕਿਸ ਤਰੀਕੇ ਨਾਲ ਮਸ਼ਹੂਰ ਹੋ ਰਹੀ ਹੈ ?

**[1 mark]**

**0 1 . 3** ਫੁਲਕਾਰੀ ਨੂੰ ਲੈ ਕੇ ਡਾਕਟਰ ਅਲਕਾ ਪਾਂਡੇ ਕਿਸ ਕਾਰਨ ਫਿਕਰਮੰਦ ਹੈ ?

**[1 mark]**

**0 1 . 4** ਜਵਾਨ ਔਰਤਾਂ ਵਿੱਚ ਫੁਲਕਾਰੀ ਨੂੰ ਹਰਮਨ ਪਿਆਰਾ ਬਣਾਉਣ ਲਈ ਤਨੂ ਸ਼ਰਮਾ ਨੇ ਕੀ ਕੋਸ਼ਿਸ਼ ਕੀਤੀ ?

**[1 mark]**

**0 1 . 5** ਇਸ ਬਲੌਗ ਤੋਂ ਹੁਣ ਫੁਲਕਾਰੀ ਬਾਰੇ ਨੌਜਵਾਨ ਮਰਦਾਂ ਦੇ ਰਵੱਈਏ ਬਾਰੇ ਕੀ ਜਾਣਕਾਰੀ ਮਿਲਦੀ ਹੈ ?

**[1 mark]**

**Question 1 continues on the next page**

*Do not write outside the box*

ਹੇਠ ਲਿਖੇ ਸ਼ਬਦਾਂ / ਪ੍ਰਗਟਾਵਾਂ ਦੇ ਸਮਾਨ ਅਰਥ ਸ਼ਬਦ / ਪ੍ਰਗਟਾਅ ਵਾਰਤਾ ਵਿੱਚੋਂ ਲੱਭ ਕੇ ਲਿਖੋ ।
ਸ਼ਬਦ / ਪ੍ਰਗਟਾਅ ਵਾਰਤਾ ਦੀ ਤਰਤੀਬ ਅਨੁਸਾਰ ਹਨ:

**0 1 . 6** ਗੁੰਝਲਦਾਰ

**[1 mark]**

---

---

**0 1 . 7** ਨਵੇਂ ਤਰੀਕੇ ਦੇ

**[1 mark]**

---

---

**0 1 . 8** ਪ੍ਰਸਿੱਧ

**[1 mark]**

---

---

**8**

Do not write outside the box

Turn over for the next question

DO NOT WRITE ON THIS PAGE
ANSWER IN THE SPACES PROVIDED

Turn over ▶

Do not write outside the box

**0 2** **ਅਫ਼ਰੀਕਾ ਵਿੱਚ ਪੰਜਾਬੀ ਲੋਕ**

ਤੁਸੀਂ ਅਫ਼ਰੀਕਾ ਵਿੱਚ ਵਸੇ ਪੰਜਾਬੀਆਂ ਬਾਰੇ ਜੈ ਹਿੰਦ ਸਿੰਘ ਸੁਮਲ ਦੀ ਕਿਤਾਬ 'ਲੀਵ ਓਨਲੀ ਫ਼ੁਟਪ੍ਰਿੰਟਸ' ਵਿੱਚੋਂ ਇਹ ਵਾਰਤਾ ਪੜ੍ਹੋ ਜਿਸ ਵਿੱਚ ਲੇਖਕ ਆਪਣੇ ਤਜਰਬੇ ਵੀ ਦੱਸਦਾ ਹੈ।

ਪੰਜਾਬੀਆਂ ਦਾ ਪੂਰਬੀ ਅਫ਼ਰੀਕਾ ਵਿੱਚ ਪ੍ਰਵਾਸ 1895 ਈਸਵੀ ਤੋਂ ਸ਼ੁਰੂ ਹੋਇਆ ਜਦੋਂ ਅੰਗਰੇਜ਼ ਵਧੇਰੀ ਗਿਣਤੀ ਵਿੱਚ ਪੰਜਾਬੀਆਂ ਨੂੰ ਯੁਗੰਡਾ ਵਿੱਚ ਰੇਲਵੇ ਦੇ ਨਿਰਮਾਣ ਲਈ ਮਜ਼ਦੂਰਾਂ ਦੇ ਤੌਰ ਤੇ ਲੈ ਕੇ ਗਏ। ਸੰਨ 1927 ਦੇ ਅਖੀਰ ਵਿੱਚ ਮੇਰੇ ਵੱਡੇ ਭਰਾ ਦਾ ਦੋਸਤ ਯੁਗੰਡਾ ਤੋਂ ਪੰਜਾਬ ਮਿਲਣ ਲਈ ਆਇਆ। ਮੇਰੇ ਵੱਡੇ ਭਰਾ ਨੇ ਮੇਰੇ ਅਤੇ ਮੇਰੇ ਛੋਟੇ ਭਰਾ ਵਾਸਤੇ ਦੋ ਜੇਬ-ਘੜੀਆਂ ਭੇਜੀਆਂ ਸਨ। ਅਫ਼ਰੀਕਾ ਤੋਂ ਛੁੱਟੀਆਂ ਤੇ ਆਏ ਪ੍ਰਵਾਸੀਆਂ ਵੱਲੋਂ ਲਿਆਂਦੇ ਮਹਿੰਗੇ ਅਤੇ ਦੁਰਲੱਭ ਤੋਹਫ਼ੇ ਦੇਖ ਕੇ ਨੌਜਵਾਨ ਵਿਦੇਸ਼ ਜਾਣ ਲਈ ਉਤਾਵਲੇ ਹੁੰਦੇ ਸਨ ਜਿੱਥੇ ਚੰਗੀਆਂ ਨੌਕਰੀਆਂ ਮਿਲਣ ਅਤੇ ਵਧੇਰੇ ਪੈਸੇ ਕਮਾਉਣ ਦੇ ਮੌਕੇ ਸਨ। ਇਸ ਨਾਲ ਵਿਆਹ ਲਈ ਚੰਗੇ ਰਿਸ਼ਤੇ ਵੀ ਆਉਂਦੇ ਸਨ। ਮੇਰਾ ਭਰਾ ਇੱਕ ਪੋਸਟ ਮਾਸਟਰ ਸੀ ਅਤੇ ਉਸ ਦੀ ਤਨਖਾਹ ਵੀ ਚੰਗੀ ਸੀ।

ਸੰਨ 1927 ਵਿੱਚ ਮੈਂ ਵੀ ਅਫ਼ਰੀਕਾ ਵਿੱਚ ਜਾ ਕੇ ਵਸਣ ਦਾ ਫ਼ੈਸਲਾ ਕੀਤਾ। ਜ਼ਿੰਦਗੀ ਦਾ ਐਸਾ ਮੁੱਖ ਕਦਮ ਲੈਣ ਨਾਲ ਮੇਰੇ ਅੰਦਰ ਜੋਸ਼ ਭਰ ਗਿਆ। ਮੇਰੇ ਫੁਰਤੀਲੇ ਦਿਮਾਗ ਵਿੱਚ ਸਾਹਸੀ ਕਾਰਨਾਮੇ ਕਰਨ ਅਤੇ ਆਪਣੀ ਜ਼ਿੰਦਗੀ ਨੂੰ ਸੰਵਾਰਨ ਦੇ ਮੌਕੇ ਭਾਲਣ ਦੀ ਤਾਂਘ ਪੈਦਾ ਹੋਈ। ਮੈਂ ਇੱਕ ਵਿਜੇਤਾ ਅਤੇ ਨਵੀਨ ਅਵਿਸ਼ਕਾਰੀ ਹੋਣ ਦੇ ਸੁਪਨੇ ਲੈਣ ਲੱਗ ਪਿਆ। ਚੰਗੀ ਨੌਕਰੀ ਲੈਣ ਲਈ ਮੈਂ ਟੈਲੀਗ੍ਰਾਫ਼ੀ ਸਿੱਖਣੀ ਸ਼ੁਰੂ ਕਰ ਦਿੱਤੀ ਕਿਉਂਕਿ ਟੈਲੀਗ੍ਰਾਫ਼ੀ ਇੱਕ ਬਹੁਮੁੱਲੀ ਪ੍ਰਬੰਧਕੀ ਯੋਗਤਾ ਮੰਨੀ ਜਾਂਦੀ ਸੀ। ਇਸ ਤਰ੍ਹਾਂ ਜਲਦੀ ਹੀ ਮੈਨੂੰ ਰੇਲਵੇ ਕਲੱਰਕ ਦੀ ਨੌਕਰੀ ਮਿਲ ਗਈ। ਮੈਂ ਪੈਸਾ-ਪੈਸਾ ਬਚਾਉਂਦਾ ਸੀ ਤਾਂ ਕਿ ਪਿੱਛੇ ਆਰਥਿਕ ਹਾਲਾਤਾਂ ਨਾਲ ਜੂਝ ਰਹੇ ਆਪਣੇ ਪਰਿਵਾਰ ਨੂੰ ਪੈਸੇ ਭੇਜ ਕੇ ਉਨ੍ਹਾਂ ਦੀ ਮਦਦ ਕਰ ਸਕਾਂ।

**ਅਫ਼ਰੀਕਾ ਵਿੱਚ ਪੰਜਾਬੀ**

ਇਸ ਵਾਰਤਾ ਦਾ ਸਾਰ **ਪੰਜਾਬੀ ਵਿੱਚ** ਲਿਖੋ। ਤੁਹਾਡਾ ਸਾਰ **90** ਸ਼ਬਦਾਂ ਤੋਂ ਵੱਧ ਨਾ ਹੋਵੇ ਅਤੇ ਇਹ **ਪੂਰੇ ਵਾਕਾਂ ਵਿੱਚ ਹੋਣਾ ਚਾਹੀਦਾ ਹੈ**। ਜਿੱਥੇ ਤੱਕ ਹੋ ਸਕੇ, ਆਪਣੇ ਸ਼ਬਦਾਂ ਵਿੱਚ ਲਿਖੋ। ਹੇਠ ਲਿਖੀਆਂ ਗੱਲਾਂ ਵੱਲ ਧਿਆਨ ਦਿਉ:

- ਨੌਜਵਾਨਾਂ ਵਿੱਚ ਅਫ਼ਰੀਕਾ ਜਾਣ ਦੇ ਕਾਰਨ (**ਤਿੰਨ** ਗੱਲਾਂ ਲਿਖੋ)

**[3 marks]**

- ਅਫ਼ਰੀਕਾ ਜਾਣ ਦਾ ਫ਼ੈਸਲਾ ਕਰਨ ਤੋਂ ਬਾਅਦ ਲੇਖਕ ਦੀਆਂ ਭਾਵਨਾਵਾਂ (**ਦੋ** ਗੱਲਾਂ ਲਿਖੋ)

**[2 marks]**

- ਅਫ਼ਰੀਕਾ ਵਿੱਚ ਲੇਖਕ ਨੂੰ ਮਿਲਣ ਵਾਲੀ ਨੌਕਰੀ ਅਤੇ ਕਾਰਨ। (**ਦੋ** ਗੱਲਾਂ ਲਿਖੋ)

**[2 marks]**

ਨੋਟ: **5** ਅੰਕ ਚੰਗੀ ਭਾਸ਼ਾ ਲਈ ਹਨ। ਇਸ ਲਈ **ਜਿੱਥੇ ਤੱਕ ਸੰਭਵ ਹੋ ਸਕੇ ਉੱਤਰ ਆਪਣੇ ਸ਼ਬਦਾਂ ਵਿੱਚ ਲਿਖੋ**।

**[5 marks]**

Do not write outside the box

Turn over ▶

*Do not write outside the box*

12

*Do not write outside the box*

**Turn over for the next question**

**DO NOT WRITE ON THIS PAGE**
**ANSWER IN THE SPACES PROVIDED**

Do not write outside the box

## 0 3 ਮਨਮੋੜ ਸਿੱਧੂ ਪੰਜਾਬੀ ਸਿਨਮੇ ਦੀ ਨੁਹਾਰ ਬਦਲ ਰਿਹਾ ਹੈ

ਤੁਸੀਂ ਇੱਕ ਪੰਜਾਬੀ ਫਿਲਮ ਨਿਰਮਾਤਾ ਬਾਰੇ ਇਹ ਖ਼ਬਰ ਪੜ੍ਹਦੇ ਹੋ। ਵਾਰਤਾ ਪੜ੍ਹ ਕੇ ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ ਪੰਜਾਬੀ ਵਿੱਚ ਲਿਖੋ।

ਜੇ ਤੁਸੀਂ ਵਰਤਮਾਨ ਪੰਜਾਬੀ ਸਿਨਮੇ ਤੋਂ ਜਾਣੂ ਹੋ, ਤਾਂ ਸੰਭਵ ਹੈ ਕਿ ਤੁਸੀਂ 'ਜੱਟ ਐਂਡ ਜੂਲੀਏਟ', 'ਸਰਦਾਰ ਜੀ' ਅਤੇ 'ਪੰਜਾਬ 1984' ਵਰਗੀਆਂ ਸੁਪਰਹਿੱਟ ਫਿਲਮਾਂ ਨੂੰ ਜ਼ਰੂਰ ਦੇਖਿਆ ਅਤੇ ਸਰਾਹਿਆ ਹੋਵੇਗਾ। ਫਿਲਮਾਂ ਦਾ ਨਿਰਮਾਣ ਕਰਨ ਵਾਲਾ, ਵਾਈਟ ਹਿੱਲ ਸਟੂਡੀਓਜ਼, ਮਨਮੋੜ ਸਿੱਧੂ ਅਤੇ ਉਸ ਦੇ ਭਰਾ ਗੁਨਬੀਰ ਦੇ ਦਿਮਾਗ ਦੀ ਕਾਢ ਹੈ।

ਜਿੱਥੋਂ ਤੱਕ ਫਿਲਮਾਂ ਬਣਾਉਣ ਦਾ ਸਵਾਲ ਹੈ, ਆਮ ਤੌਰ ਤੇ ਫਿਲਮ ਨਿਰਮਾਤਾਵਾਂ ਨੂੰ ਸਿਰਫ਼ ਪੈਸਿਆਂ ਦੇ ਥੈਲਿਆਂ ਦੇ ਰੂਪ ਵਿੱਚ ਦੇਖਿਆ ਤੇ ਜਾਣਿਆ ਜਾਂਦਾ ਹੈ, ਪਰ ਮਨਮੋੜ ਨੇ ਪੰਜਾਬੀ ਸਿਨਮੇ ਦਾ ਮੁਹਾਂਦਰਾ ਬਿਲਕੁਲ ਬਦਲ ਦਿੱਤਾ ਹੈ। ਸਾਊ ਤੇ ਪੜ੍ਹਿਆ ਲਿਖਿਆ, ਮਨਮੋੜ ਵੈਨਕੂਵਰ ਦਾ ਫਿਲਮ ਗ੍ਰੈਜੂਏਟ ਹੈ। ਉਹ ਭਾਰਤ ਅਤੇ ਵਿਦੇਸ਼ਾਂ ਵਿੱਚ ਬਹੁਤ ਥਾਂਵਾਂ ਤੇ ਰਹਿ ਚੁੱਕਾ ਹੈ, ਜਿਸ ਕਰਕੇ ਉਸ ਵਿੱਚ ਇਨਸਾਨੀ ਕਿਰਦਾਰ ਨੂੰ ਸਮਝਣ ਅਤੇ ਵੱਖੋ-ਵੱਖਰੇ ਵਿਸ਼ਿਆਂ ਅਤੇ ਸ਼ਖਸੀਅਤਾਂ ਤੇ ਸਮੱਗਰੀ ਪੇਸ਼ ਕਰਨ ਦਾ ਵਿਲੱਖਣ ਹੁਨਰ ਹੈ।

ਇਹ ਪੁੱਛੇ ਜਾਣ ਤੇ ਕਿ ਉਸ ਨੇ ਆਪਣੇ ਫਿਲਮੀ ਸੁਪਨਿਆਂ ਲਈ ਪੰਜਾਬ ਨੂੰ ਹੀ ਕਿਉਂ ਚੁਣਿਆ, ਮਨਮੋੜ ਨੇ ਗੱਲ ਸਾਂਝੀ ਕਰਦਿਆਂ ਕਿਹਾ, 'ਪੰਜਾਬ ਵਿੱਚ ਹੁਨਰ ਦਾ ਵਿਸ਼ਾਲ ਸਾਗਰ ਹਮੇਸ਼ਾ ਹੀ ਮੌਜੂਦ ਰਿਹਾ ਹੈ ਅਤੇ ਜੋ ਮੌਕੇ ਪੰਜਾਬ ਪੇਸ਼ ਕਰਦਾ ਹੈ ਉਨ੍ਹਾਂ ਨੂੰ ਲੈ ਕੇ ਮੈਂ ਹਮੇਸ਼ਾ ਹੀ ਬਹੁਤ ਆਸ਼ਾਵਾਦੀ ਰਿਹਾ ਹਾਂ। ਮੈਂ ਚਾਹੁੰਦਾ ਸੀ ਕਿ ਸਾਡੀ ਧਰਤੀ ਇਹੋ ਜਿਹੀਆਂ ਫਿਲਮਾਂ ਪੇਸ਼ ਕਰੇ ਜਿਨ੍ਹਾਂ ਨੂੰ ਵਿਦੇਸ਼ਾਂ ਵਿੱਚ ਵੀ ਵਧੇਰੇ ਸ਼ਲਾਘਾ ਮਿਲੇ। ਖੁਸ਼ਕਿਸਮਤੀ ਨਾਲ, ਗੁਨਬੀਰ ਨੇ ਮੇਰੀ ਸੋਚ ਨੂੰ ਅੱਗੇ ਵਧਾਉਣ ਵਿੱਚ ਬਹੁਤ ਸਹਾਇਤਾ ਕੀਤੀ ਕਿਉਂਕਿ ਉਹ ਪੰਜਾਬ ਤੋਂ ਬਹੁਤ ਚੰਗੀ ਤਰ੍ਹਾਂ ਜਾਣੂ ਹੈ।'

ਅੱਜ ਵਾਈਟ ਹਿੱਲ ਸਟੂਡੀਓਜ਼, ਜਿੱਥੇ ਸੋਨਮ ਬਾਜਵਾ ਅਤੇ ਦਿਲਜੀਤ ਦੁਸਾਂਝ ਵਰਗੇ ਉੱਭਰਦੇ ਸਿਤਾਰਿਆਂ ਲਈ ਅਦਾਕਾਰੀ ਪੇਸ਼ੇ ਦੀ ਸ਼ੁਰੂਆਤ ਦਾ ਇੱਕ ਸਾਧਨ ਹੈ ਉੱਥੇ ਨਾਲ ਹੀ ਰਾਣਾ ਰਣਬੀਰ ਅਤੇ ਬੀ. ਐਨ. ਸ਼ਰਮਾ ਵਰਗੇ ਅਨੁਭਵੀ ਕਲਾਕਾਰਾਂ ਲਈ ਵੀ ਇਹ ਦੂਜੇ ਘਰ ਵਰਗਾ ਹੈ। ਇਸ ਤੋਂ ਇਲਾਵਾ, ਇਹ ਸੰਸਥਾ ਨਵੀਆਂ ਉਪਲਬਧੀਆਂ ਵੀ ਪ੍ਰਾਪਤ ਕਰ ਰਹੀ ਹੈ, ਜਿਵੇਂ ਕਿ 'ਸਰਦਾਰ ਜੀ 2' ਇਨ੍ਹਾਂ ਦੀ ਪਹਿਲੀ ਪੰਜਾਬੀ ਫਿਲਮ ਸੀ ਜਿਸ ਨੂੰ ਕੋਕਾ-ਕੋਲਾ ਦੀਆਂ ਬੋਤਲਾਂ ਉੱਤੇ ਛਪਾਈ ਨਾਲ ਮਸ਼ਹੂਰੀ ਮਿਲੀ।

**0 3 . 1** ਇਸ ਵਾਰਤਾ ਅਨੁਸਾਰ ਆਮ ਤੌਰ ਤੇ ਲੋਕ ਫਿਲਮ ਨਿਰਮਾਤਾਵਾਂ ਬਾਰੇ ਕੀ ਧਾਰਨਾ ਰੱਖਦੇ ਹਨ?

**[1 mark]**

___

___

Do not write outside the box

**0 3 . 2** ਵਾਰਤਾ ਅਨੁਸਾਰ ਮਨਮੋੜ ਕੋਲ ਕਿਹੜੇ ਅਨੋਖੇ ਹੁਨਰ ਹਨ ? **ਦੋ** ਗੱਲਾਂ ਲਿਖੋ

**[2 marks]**

**0 3 . 3** ਮਨਮੋੜ ਨੇ ਪੰਜਾਬ ਬਾਰੇ ਹੀ ਫਿਲਮਾਂ ਬਣਾਉਣ ਲਈ ਕਿਉਂ ਸੋਚਿਆ ?

**[1 mark]**

**0 3 . 4** ਅੰਤਰ-ਰਾਸ਼ਟਰੀ ਪੱਧਰ ਤੇ ਮਨਮੋੜ ਕੀ ਹਾਸਲ ਕਰਨਾ ਚਾਹੁੰਦਾ ਸੀ ?

**[1 mark]**

**0 3 . 5** ਵਾਈਟ ਹਿੱਲ ਸਟੂਡੀਓਜ਼ ਸਿਨਮੇ ਦੇ ਕਲਾਕਾਰਾਂ ਲਈ ਕਿਵੇਂ ਲਾਭਦਾਇਕ ਹੈ ?

**[1 mark]**

**0 3 . 6** ਵਾਈਟ ਹਿੱਲ ਸਟੂਡੀਓਜ਼ ਵੱਲੋਂ ਬਣਾਈ ਫਿਲਮ ਦੀ ਮਹੱਤਵਪੂਰਣ ਉਪਲਬਧੀ ਕੀ ਰਹੀ ਹੈ ?

**[1 mark]**

7

**Turn over ▶**

Do not write outside the box

**0 4** **ਪੰਜਾਬ ਡਿਜੀਟਲ ਲਾਇਬ੍ਰੇਰੀ**

ਤੁਸੀਂ ਪੰਜਾਬ ਡਿਜੀਟਲ ਲਾਇਬ੍ਰੇਰੀ, ਜੋ ਦੁਰਲੱਭ ਇਤਿਹਾਸਕ ਖਜ਼ਾਨਿਆਂ ਨੂੰ ਡਿਜੀਟਲ ਬਣਾ ਰਹੀ ਹੈ, ਬਾਰੇ ਇਹ ਵਾਰਤਾ ਪੜ੍ਹੋ।

ਪੰਜਾਬ ਡਿਜੀਟਲ ਲਾਇਬ੍ਰੇਰੀ ਨੇ ਮਹਾਨਕੋਸ਼ ਦੀਆਂ ਅਸਲ ਕਾਪੀਆਂ ਨੂੰ ਡਿਜੀਟਲ ਬਣਾਉਣ ਦੇ ਬੜੇ ਹੀ ਔਖੇ ਕੰਮ ਦਾ ਬੀੜਾ ਚੁੱਕਿਆ ਹੈ। ਮਹਾਨਕੋਸ਼ ਸਿੱਖੀ ਦੇ ਸ਼ਾਸਤਰਾਂ ਦਾ ਪਹਿਲਾ ਵਿਸ਼ਵਕੋਸ਼ ਸੀ ਅਤੇ ਇਹ ਅੱਜ ਵੀ ਸਿੱਖ ਸਾਹਿਤ ਦਾ ਇੱਕ ਅਨੂਠਾ ਨਿਰਦੇਸ਼ਕ ਦਸਤਾਵੇਜ਼ ਹੈ। ਮਹਾਨਕੋਸ਼ ਪੰਜਾਬ ਦੇ ਉਨ੍ਹਾਂ ਹਜ਼ਾਰਾਂ ਇਤਿਹਾਸਕ ਖਜ਼ਾਨਿਆਂ ਵਿੱਚੋਂ ਇੱਕ ਹੈ ਜਿਸ ਨੂੰ ਪੰਜਾਬ ਡਿਜੀਟਲ ਲਾਇਬ੍ਰੇਰੀ ਨੇ ਆਉਣ ਵਾਲੀਆਂ ਪੀੜ੍ਹੀਆਂ ਲਈ ਸੰਭਾਲਿਆ ਹੈ।

ਪੰਜਾਬ ਡਿਜੀਟਲ ਲਾਇਬ੍ਰੇਰੀ ਦੇ ਮੁੱਖੀ ਦਵਿੰਦਰਪਾਲ ਸਿੰਘ ਨੇ ਕਿਹਾ, 'ਪੰਜਾਬ ਡਿਜੀਟਲ ਲਾਇਬ੍ਰੇਰੀ ਦਾ ਵਿਚਾਰ ਉਦੋਂ ਉੱਭਰਿਆ ਜਦੋਂ ਬਹੁਤ ਸਾਰੇ ਲੋਕਾਂ ਨੇ ਪੰਜਾਬ ਦੇ ਤੇਜ਼ੀ ਨਾਲ ਅਲੋਪ ਹੋ ਚੁੱਕੇ ਵਿਰਸੇ ਬਾਰੇ ਚਿੰਤਾ ਪ੍ਰਗਟ ਕੀਤੀ। ਕੀਮਤੀ ਸਮੱਗਰੀ, ਵਿਰਲਾ ਸਾਹਿਤ, ਭਵਨ ਨਿਰਮਾਣ ਕਲਾ ਅਤੇ ਇੱਕ ਸਮੇਂ ਤੇ ਬਹੁਤ ਮਸ਼ਹੂਰ ਰਹਿ ਚੁੱਕੀਆਂ ਯਾਦਾਂ – ਬਹੁਤ ਸਾਰੇ ਕਾਰਨਾਂ ਜਿਵੇਂ ਕਿ ਪੁਰਾਣੀਆਂ ਹੋਣ ਕਰਕੇ, ਮੌਸਮ ਅਤੇ ਹਮਲਿਆਂ ਕਰਕੇ ਬਿਲਕੁਲ ਤਬਾਹ ਹੋ ਚੁੱਕੀਆਂ ਸਨ। ਪਰ ਇਨ੍ਹਾਂ ਨੁਕਸਾਨਾਂ ਦੇ ਬਾਵਜੂਦ ਅਜੇ ਵੀ ਬਹੁਤ ਕੁਝ ਐਸਾ ਬਚਿਆ ਹੋਇਆ ਹੈ ਜਿਸ ਨੂੰ ਸੰਭਾਲਣਾ ਫਾਇਦੇਮੰਦ ਹੋਵੇਗਾ।'

ਪੰਜਾਬ ਡਿਜੀਟਲ ਲਾਇਬ੍ਰੇਰੀ 20 ਲੱਖ ਪੰਨਿਆਂ ਨੂੰ ਹਰ ਸਾਲ ਡਿਜੀਟਲ ਬਣਾ ਰਹੀ ਹੈ ਅਤੇ ਅਗਲੇ ਸਾਲ ਵਾਸਤੇ 40 ਲੱਖ ਪੰਨਿਆਂ ਦਾ ਨਿਸ਼ਾਨਾ ਹੈ। ਸਰਕਾਰੀ ਅਤੇ ਨਿੱਜੀ ਸੰਸਥਾਵਾਂ ਦੀ ਆਧਾਰ ਸਮੱਗਰੀ ਨੂੰ ਡਿਜੀਟਲ ਬਣਾਉਣਾ ਲਾਇਬ੍ਰੇਰੀ ਦਾ ਮੁੱਖ ਉਦੇਸ਼ ਹੈ। ਇਹ ਲਾਇਬ੍ਰੇਰੀ ਕਿਸੇ ਦੇ ਜਾਤੀ ਸੰਗ੍ਰਹਿ ਨੂੰ ਵੀ ਡਿਜੀਟਲਾਈਜ ਕਰ ਸਕਦੀ ਹੈ।

ਦਵਿੰਦਰਪਾਲ ਸਿੰਘ ਨੇ ਕਿਹਾ ਕਿ ਇਰਾਦਾ ਸਿਰਫ਼ ਇਹ ਨਹੀਂ ਹੈ ਕਿ ਹਰ ਚੀਜ਼ ਨੂੰ ਕਾਇਮ ਰੱਖਿਆ ਜਾ ਸਕੇ, ਬਲਕਿ ਇਹ ਵੀ ਹੈ ਕਿ ਸਮੱਗਰੀ ਵਿਦਵਾਨਾਂ ਅਤੇ ਖੋਜੀਆਂ ਨੂੰ ਵੀ ਉਨ੍ਹਾਂ ਦੇ ਕੰਮ ਲਈ ਉਪਲਬਧ ਕਰਾਈ ਜਾਵੇ ਤਾਂ ਜੋ ਉਹ ਪੰਜਾਬੀ ਇਤਿਹਾਸ, ਵਿਰਸੇ ਅਤੇ ਲੋਕਾਂ ਦੇ ਜੀਵਨ ਬਾਰੇ ਨਵੀਆਂ ਗਹਿਰਾਈਆਂ ਪੇਸ਼ ਕਰ ਸਕਣ। ਇਹ ਦੱਖਣੀ ਏਸ਼ੀਆ ਵਿੱਚ ਆਰੰਭ ਹੋਣ ਵਾਲੀ ਪਹਿਲੀ ਔਨਲਾਈਨ ਡਿਜੀਟਲ ਲਾਇਬ੍ਰੇਰੀ ਬਣੀ ਜੋ ਕਿ ਕਿਤਾਬਾਂ, ਤਸਵੀਰਾਂ, ਰਸਾਲਿਆਂ ਅਤੇ ਅਖਬਾਰਾਂ ਨੂੰ ਸਮਾਜ ਦੀ ਵਰਤੋਂ ਵਾਸਤੇ ਮੁਫਤ ਪ੍ਰਦਰਸ਼ਿਤ ਕਰਦੀ ਹੈ। ਮਹਾਰਾਜਾ ਰਣਜੀਤ ਸਿੰਘ ਜੀ ਦੇ ਦਰਬਾਰ ਦੀਆਂ ਲਗਭਗ 700 ਫ਼ਾਰਸੀ ਦੀਆਂ ਵਿਲੱਖਣ ਹੱਥ-ਲਿਖਤਾਂ ਵੀ ਡਿਜੀਟਲ ਬਣਾਈਆਂ ਗਈਆਂ ਹਨ।

**0 4 . 1** ਇਸ ਵਾਰਤਾ ਅਨੁਸਾਰ ਮਹਾਨਕੋਸ਼ ਇੰਨਾ ਮਹੱਤਵਪੂਰਣ ਕਿਉਂ ਹੈ ?

**[1 mark]**

Do not write outside the box

**0 4 . 2** ਪੰਜਾਬ ਡਿਜੀਟਲ ਲਾਇਬ੍ਰੇਰੀ ਹੋਂਦ ਵਿੱਚ ਕਿਉਂ ਆਈ ? **ਦੋ** ਗੱਲਾਂ ਲਿਖੋ

**[2 marks]**

**0 4 . 3** ਇਸ ਵਾਰਤਾ ਤੋਂ ਪੰਜਾਬ ਡਿਜੀਟਲ ਲਾਇਬ੍ਰੇਰੀ ਦੇ ਸਾਲਾਨਾ ਟੀਚੇ ਬਾਰੇ ਕੀ ਜਾਣਕਾਰੀ ਮਿਲਦੀ ਹੈ ?

**[1 mark]**

**0 4 . 4** ਪੰਜਾਬ ਡਿਜੀਟਲ ਲਾਇਬ੍ਰੇਰੀ ਕਿਸ ਤਰ੍ਹਾਂ ਦੇ ਅਦਾਰਿਆਂ ਦੀ ਮਦਦ ਕਰ ਰਹੀ ਹੈ ?

**[1 mark]**

**0 4 . 5** ਵਿਰਸੇ ਦੀ ਬਹਾਲੀ ਅਤੇ ਸੰਭਾਲ ਤੋਂ ਇਲਾਵਾ ਪੰਜਾਬ ਡਿਜੀਟਲ ਲਾਇਬ੍ਰੇਰੀ ਦਾ ਹੋਰ ਮੁੱਖ ਉਦੇਸ਼ ਕੀ ਹੈ ?

**[1 mark]**

**0 4 . 6** ਦੱਖਣੀ ਏਸ਼ੀਆ ਵਿੱਚ ਪੰਜਾਬ ਡਿਜੀਟਲ ਲਾਇਬ੍ਰੇਰੀ ਦੀ ਮੁੱਖ ਉਪਲਬਧੀ ਕੀ ਹੈ ?

**[1 mark]**

**0 4 . 7** ਮਹਾਰਾਜਾ ਰਣਜੀਤ ਸਿੰਘ ਜੀ ਦੇ ਦਰਬਾਰ ਦੀਆਂ ਹਸਤ-ਲਿਖਤਾਂ ਨੂੰ ਡਿਜੀਟਲ ਬਣਾਉਣ ਦਾ ਕੀ ਮਹੱਤਵ ਹੈ ?

**[1 mark]**

**8**

**Turn over ▶**

Do not write outside the box

**0 5** **ਸਰਦਾਰ ਭਗਤ ਸਿੰਘ ਦੀ ਆਪਣੇ ਕਾਮਰੇਡਾਂ ਨੂੰ ਲਿਖੀ ਆਖਰੀ ਚਿੱਠੀ**

ਸਰਦਾਰ ਭਗਤ ਸਿੰਘ ਨੂੰ ਫਾਂਸੀ ਲੱਗਣ ਤੋਂ ਪਹਿਲਾਂ ਉਨ੍ਹਾਂ ਦੀ ਲਿਖੀ ਆਖਰੀ ਚਿੱਠੀ ਦਾ ਇੱਕ ਛੋਟਾ ਜਿਹਾ ਅੰਸ਼ ਪੜ੍ਹੋ ।

Translate the passage into English.

ਭਾਰਤ ਨੂੰ ਅੰਗਰੇਜ਼ਾਂ ਤੋਂ ਆਜ਼ਾਦ ਕਰਾਉਣ ਲਈ ਆਜ਼ਾਦੀ ਦੀ ਲੜਾਈ ਲੜਨ ਵਾਲੇ ਕ੍ਰਾਂਤੀਕਾਰੀ ਸਰਦਾਰ ਭਗਤ ਸਿੰਘ ਨੇ ਹਜ਼ਾਰਾਂ ਨੌਜਵਾਨਾਂ ਨੂੰ ਪ੍ਰੇਰਿਤ ਕੀਤਾ । ਮਾਰਚ, ਸੰਨ 1931 ਨੂੰ ਜੇਲ੍ਹ ਤੋਂ ਆਪਣੀ ਆਖਰੀ ਚਿੱਠੀ ਵਿੱਚ ਉਸ ਨੇ ਆਪਣੇ ਕਾਮਰੇਡਾਂ ਨੂੰ ਲਿਖਿਆ, 'ਜੇ ਮੈਂ ਫਾਂਸੀ ਦੇ ਫੰਧੇ ਤੋਂ ਭੱਜ ਜਾਂਵਾਂ ਤਾਂ ਇਹ ਸਪੱਸ਼ਟ ਹੋ ਜਾਵੇਗਾ ਕਿ ਮੈਂ ਕਮਜ਼ੋਰ ਹਾਂ, ਡਰਿਆ ਹੋਇਆ ਹਾਂ ਅਤੇ ਕ੍ਰਾਂਤੀ ਦੇ ਚਿੰਨ੍ਹ ਤੇ ਦਾਗ ਲੱਗ ਜਾਵੇਗਾ । ਪਰ ਮੇਰਾ ਫਾਂਸੀ ਦੇ ਫੰਧੇ ਤੱਕ ਸਾਹਸ ਨਾਲ ਜਾਣਾ ਹਿੰਦੁਸਤਾਨੀ ਮਾਂਵਾਂ ਨੂੰ ਐਸੇ ਬੱਚੇ ਪੈਦਾ ਕਰਨ ਦੀ ਪ੍ਰੇਰਨਾ ਦੇਵੇਗਾ ਜੋ ਮੇਰੇ ਵਰਗੇ ਹੋਣ ਅਤੇ ਦੇਸ਼ ਲਈ ਆਪਣੀ ਜ਼ਿੰਦਗੀ ਕੁਰਬਾਨ ਕਰਨ ਵਾਲਿਆਂ ਦੀ ਗਿਣਤੀ ਇੰਨੀ ਵਧ ਜਾਵੇਗੀ ਕਿ ਵਿਦੇਸ਼ੀ ਤਾਕਤਾਂ ਲਈ ਇਹ ਸੰਭਵ ਨਹੀਂ ਹੋਵੇਗਾ ਕਿ ਉਹ ਕ੍ਰਾਂਤੀ ਨੂੰ ਰੋਕ ਸਕਣ ।'

**[10 marks]**

*Do not write outside the box*

10

**END OF SECTION A**

**Turn over for the next section**

*Do not write outside the box*

**There are no questions printed on this page**

**DO NOT WRITE ON THIS PAGE**
**ANSWER IN THE SPACES PROVIDED**

Do not write outside the box

## Section B

## Writing (Research Project)

Answer the question on the research topic you have studied.

You must answer on **one** research topic only.

**Either**

**0 6** **The role of women in Panjabi society**

**or**

**0 7** **Social issues in the Punjab**

**or**

**0 8** **Tourism in the Punjab**

**or**

**0 9** **Partition of the Punjab in 1947**

For each research topic there is a reading passage and an essay title.

Using the information from the reading passage and, linking this information to your own research, write an essay in **Panjabi** of approximately **300 words**.

The marks are allocated as follows:

10 marks for comprehension of the reading passage
10 marks for quality of language
20 marks for cultural knowledge.

Total: 40 marks

**Turn over for Question 6**

Do not write outside the box

## 0 6 The role of women in Panjabi society

## ਇਸਤਰੀ ਦੀ ਪਰਿਵਾਰ ਵਿੱਚ ਭੂਮਿਕਾ

ਕਦੇ ਪੰਜਾਬੀ ਪਰਿਵਾਰ ਪੁਰਸ਼ ਪ੍ਰਧਾਨ ਹੁੰਦਾ ਸੀ ਕਿਉਂਕਿ ਪੁਰਸ਼ ਇਕੱਲਾ ਹੀ ਘਰ ਦਾ ਗੁਜ਼ਾਰਾ ਚਲਾਉਣ ਲਈ ਕੰਮ ਕਰਦਾ ਸੀ ਅਤੇ ਇਸਤਰੀ ਦਾ ਕੰਮ ਘਰ ਵਿੱਚ ਚੁੱਲ੍ਹਾ-ਚੌਂਕਾ ਕਰਨਾ ਅਤੇ ਬੱਚਿਆਂ ਦੀ ਦੇਖ-ਭਾਲ ਕਰਨਾ ਹੁੰਦਾ ਸੀ। ਕੁੜੀ ਦੇ ਆਗਮਨ ਨੂੰ ਘਰ ਵਿੱਚ ਇੱਕ ਅਸਥਾਈ ਮੈਂਬਰ ਸਮਝਿਆ ਜਾਂਦਾ ਸੀ ਜਿਸ ਨੇ ਵਿਆਹ ਤੋਂ ਬਾਅਦ ਕਿਸੇ ਹੋਰ ਦੇ ਘਰ ਦੀ ਰੌਣਕ ਬਣਨਾ ਹੁੰਦਾ ਸੀ। ਮੁੰਡੇ ਨੂੰ ਘਰ ਦਾ ਸਥਾਈ ਮੈਂਬਰ ਮੰਨਿਆ ਜਾਂਦਾ ਸੀ ਕਿਉਂਕਿ ਉਸ ਨੇ ਹੀ ਵੰਸ਼ ਦੇ ਨਾਂ ਨੂੰ ਅੱਗੇ ਤੋਰਨਾ ਹੁੰਦਾ ਸੀ।

ਪਰ ਹੁਣ ਸਮੇਂ ਦੇ ਨਾਲ-ਨਾਲ ਸਭ ਕੁਝ ਬਦਲ ਚੁੱਕਿਆ ਹੈ। ਮਾਪਿਆਂ ਦੇ ਘਰ ਵਿੱਚ ਕੁੜੀਆਂ ਨੂੰ ਮਾਪਿਆਂ ਦੀ ਜ਼ਮੀਨ ਜ਼ਾਇਦਾਦ ਵਿੱਚ ਕਾਨੂੰਨੀ ਤੌਰ ਤੇ ਮੁੰਡਿਆਂ ਦੇ ਬਰਾਬਰ ਦਾ ਹੱਕ ਪ੍ਰਾਪਤ ਹੈ, ਉਹ ਵੱਖਰੀ ਗੱਲ ਹੈ ਕਿ ਜੇਕਰ ਕੁੜੀ ਆਪਣੇ ਭਰਾਵਾਂ ਕੋਲੋਂ ਆਪਣਾ ਹਿੱਸਾ ਲੈ ਲੈਂਦੀ ਹੈ ਤਾਂ ਉਸ ਦਾ ਰਿਸ਼ਤਾ ਕਈ ਵਾਰੀ ਆਪਣੇ ਵੀਰਾਂ ਨਾਲ ਪਹਿਲਾਂ ਵਰਗਾ ਨਹੀਂ ਰਹਿੰਦਾ।

ਹੁਣ ਲਗਭਗ 25 ਪ੍ਰਤੀਸ਼ਤ ਇਸਤਰੀਆਂ ਵੀ ਪੁਰਸ਼ਾਂ ਦੇ ਮੋਢੇ ਨਾਲ ਮੋਢਾ ਲਾ ਕੇ ਘਰੋਂ ਬਾਹਰ ਜਾ ਕੇ ਨੌਕਰੀ ਕਰਦੀਆਂ ਹਨ। ਉਹ ਵੀ ਜਿਵੇਂ ਬੱਚਿਆਂ ਦੀ ਪੜ੍ਹਾਈ ਆਦਿ ਵਰਗੇ ਜ਼ਰੂਰੀ ਪਰਵਾਰਿਕ ਫ਼ੈਸਲੇ ਲੈਣ ਵਿੱਚ ਬਰਾਬਰ ਦਾ ਹਿੱਸਾ ਲੈਂਦੀਆਂ ਹਨ। ਜੇਕਰ ਲੋੜ ਪਵੇ ਤਾਂ ਇਸਤਰੀਆਂ ਪਰਿਵਾਰ ਨੂੰ ਆਰਥਿਕ ਤੰਗੀ ਵਿੱਚੋਂ ਕੱਢਣ ਲਈ ਵਿਦੇਸ਼ਾਂ ਵਿੱਚ ਜਾ ਕੇ ਨੌਕਰੀ ਕਰਨ ਤੋਂ ਵੀ ਪਿੱਛੇ ਨਹੀਂ ਹਟਦੀਆਂ।

ਹੁਣ ਕੁੜੀਆਂ ਆਪਣੇ ਜੀਵਨ ਸਾਥੀ ਦੀ ਚੋਣ ਆਪਣੀ ਮਰਜ਼ੀ ਨਾਲ ਕਰਦੀਆਂ ਹਨ। ਪਹਿਲਾਂ ਵਾਂਗ ਮਾਪਿਆਂ ਦੇ ਕਹਿਣ ਤੇ ਕਿਸੇ ਵੀ ਐਰੇ-ਗੈਰੇ ਨੱਥੂ ਖੈਰੇ ਨਾਲ ਵਿਆਹ ਕਰਾਉਣ ਲਈ ਤਿਆਰ ਨਹੀਂ ਹੋ ਜਾਂਦੀਆਂ, ਉਹ ਵੀ ਆਪਣੇ ਜੀਵਨ ਸਾਥੀ ਦੀਆਂ ਆਦਤਾਂ ਅਤੇ ਸੁਭਾਅ ਤੋਂ ਜਾਣੂ ਹੋਣਾ ਚਾਹੁੰਦੀਆਂ ਹਨ। ਵਿਆਹ ਤੋਂ ਬਾਅਦ ਪਤੀ ਦੀ ਫੋਕੀ ਧੌਂਸ ਨਹੀਂ ਝੱਲਦੀਆਂ ਕਿਉਂਕਿ ਉਹ ਖੁਦ ਵੀ ਕਮਾਉਂਦੀਆਂ ਹਨ। ਜੇਕਰ ਪਤੀ ਲੜਾਈ ਝਗੜਾ ਕਰਦਾ ਹੈ ਜਾਂ ਘਰੇਲੂ ਹਿੰਸਾ ਕਰਦਾ ਹੈ ਤਾਂ ਜ਼ਨਾਨੀਆਂ ਬਿਨਾਂ ਝਿਜਕ ਕਾਨੂੰਨ ਦਾ ਦਰਵਾਜ਼ਾ ਖੜਕਾ ਸਕਦੀਆਂ ਹਨ।

ਭਾਵੇਂ ਪੰਜਾਬੀ ਇਸਤਰੀਆਂ ਨੇ ਪੜ੍ਹ ਲਿਖ ਕੇ ਹਰ ਖੇਤਰ ਵਿੱਚ ਮੱਲਾਂ ਮਾਰੀਆਂ ਹਨ ਪਰ ਹਾਲੇ ਵੀ ਪਿੰਡਾਂ ਵਿੱਚ ਰਹਿਣ ਵਾਲੀਆਂ ਜ਼ਨਾਨੀਆਂ ਨੂੰ ਹੋਰ ਜਾਗਰੂਕ ਕਰਨ ਦੀ ਲੋੜ ਹੈ।

*Do not write outside the box*

**0 6** ਪੰਜਾਬੀ ਵੈੱਬਸਾਈਟ ਤੋਂ ਪੰਜਾਬੀ ਪਰਿਵਾਰ ਵਿੱਚ ਇਸਤਰੀ ਦੀ ਭੂਮਿਕਾ ਬਾਰੇ ਵਾਰਤਾ ਪੜ੍ਹੋ। ਵਾਰਤਾ ਵਿੱਚ ਪੜ੍ਹੀ ਜਾਣਕਾਰੀ ਨੂੰ ਆਪਣੀ ਖੋਜ ਵਿਚਲੀ ਜਾਣਕਾਰੀ ਨਾਲ ਮਿਲਾ ਕੇ ਹੇਠ ਲਿਖੇ ਪ੍ਰਸ਼ਨ ਬਾਰੇ **ਪੰਜਾਬੀ ਵਿੱਚ** ਲਗਭਗ **300** ਸ਼ਬਦਾਂ ਦਾ ਇੱਕ ਲੇਖ ਲਿਖੋ।

ਪੁਰਾਣੇ ਸਮੇਂ ਵਿੱਚ ਔਰਤ ਦੀ ਪੰਜਾਬੀ ਪਰਿਵਾਰ ਵਿੱਚ ਕਿਹੋ ਜਿਹੀ ਭੂਮਿਕਾ ਹੁੰਦੀ ਸੀ? ਸਮੇਂ ਦੇ ਨਾਲ-ਨਾਲ ਪੰਜਾਬੀ ਪਰਿਵਾਰ ਵਿੱਚ ਔਰਤ ਦੀ ਭੂਮਿਕਾ ਵਿੱਚ ਆਈਆਂ ਤਬਦੀਲੀਆਂ ਦਾ ਵਿਸ਼ਲੇਸ਼ਣ ਕਰੋ।

**[40 marks]**

**Turn over ▶**

*Do not write outside the box*

Do not write outside the box

40

**Turn over for Question 7**

Turn over ▶

Do not write outside the box

**0 7** **Social issues in the Punjab**

**ਗਰੀਬੀ ਦਾ ਸਮਾਜ ਤੇ ਪ੍ਰਭਾਵ**

ਅਫ਼ਰੀਕਾ ਦੇ ਰਾਸ਼ਟਰਪਤੀ ਨੈਲਸਨ ਮੰਡੇਲਾ ਦੇ ਅਨੁਸਾਰ, 'ਗਰੀਬੀ ਕੁਦਰਤੀ ਨਹੀਂ, ਸਗੋਂ ਮਨੁੱਖ ਵੱਲੋਂ ਪੈਦਾ ਕੀਤੀ ਹੋਈ ਹੈ।' ਇਹ ਕਥਨ ਬਿਲਕੁਲ ਸਹੀ ਹੈ ਕਿਉਂਕਿ ਗਰੀਬੀ ਦੇ ਕਾਰਨ ਆਮ ਤੌਰ ਤੇ ਆਦਮੀ ਦੇ ਹੀ ਬਣਾਏ ਹੋਏ ਹਨ। ਉਂਝ ਤਾਂ ਪੰਜਾਬ ਵਿੱਚ ਗਰੀਬੀ ਦੇ ਕਈ ਕਾਰਨ ਹਨ ਪਰ ਉਨ੍ਹਾਂ ਵਿੱਚੋਂ ਦੋ ਮੁੱਖ ਕਾਰਨ ਵਧ ਰਹੀ ਆਬਾਦੀ ਅਤੇ ਘਟ ਰਹੀ ਜ਼ਮੀਨ ਹਨ। ਪੰਜਾਬ ਦੀ 60 ਪ੍ਰਤੀਸ਼ਤ ਵਸੋਂ ਖੇਤੀਬਾੜੀ ਤੇ ਨਿਰਭਰ ਕਰਦੀ ਹੈ। ਪਰ ਹੁਣ 72 ਪ੍ਰਤੀਸ਼ਤ ਕਿਸਾਨਾਂ ਕੋਲ ਪੰਜ ਏਕੜ ਤੋਂ ਵੀ ਘੱਟ ਜ਼ਮੀਨ ਹੈ। ਦਿਨੋਂ ਦਿਨ ਵਧ ਰਹੀ ਜਨ-ਸੰਖਿਆ ਪੰਜਾਬ ਦੇ ਸਰੋਤਾਂ ਨੂੰ ਖੋਰਾ ਲਾ ਰਹੀ ਹੈ ਅਤੇ ਸਰਕਾਰ ਨੂੰ ਵਧ ਰਹੀ ਜਨਤਾ ਲਈ ਰੋਟੀ, ਕੱਪੜਾ, ਮਕਾਨ ਅਤੇ ਰੁਜ਼ਗਾਰ ਮੁਹੱਈਆ ਕਰਾਉਣਾ ਕਠਿਨ ਹੋ ਰਿਹਾ ਹੈ।

ਪੰਜਾਬ ਵਿੱਚ ਖੇਤੀਬਾੜੀ ਇੱਕ ਮੌਸਮੀ ਕਿੱਤਾ ਹੈ, ਇਸ ਕਰਕੇ ਇਹ ਕਿਸਾਨਾਂ ਨੂੰ ਸਾਰਾ ਸਾਲ ਕੰਮ ਪ੍ਰਦਾਨ ਨਹੀਂ ਕਰਦਾ। ਇਹੋ ਹੀ ਕਾਰਨ ਹੈ ਕਿ ਬਹੁਤੇ ਕਿਸਾਨ ਤਿੰਨ ਮਹੀਨੇ ਵਿਹਲੇ ਬੈਠੇ ਰਹਿੰਦੇ ਹਨ। ਸਰਕਾਰ ਨੇ ਰੁਜ਼ਗਾਰ ਦੇ ਜ਼ਿਆਦਾ ਮੌਕੇ ਨਹੀਂ ਪੈਦਾ ਕੀਤੇ ਇਸ ਲਈ ਕਿਸਾਨਾਂ ਨੂੰ ਜਿਹੜਾ ਵੀ ਕੰਮ ਮਿਲੇ ਘੱਟ ਤਨਖਾਹ ਤੇ ਵੀ ਕਰਨਾ ਪੈਂਦਾ ਹੈ।

ਕਈ ਕਿਸਾਨ ਗਰੀਬ ਹੋਣ ਕਰਕੇ ਆਪਣੇ ਬੱਚਿਆਂ ਨੂੰ ਵਧੀਆ ਸਕੂਲਾਂ ਵਿੱਚ ਵਿੱਦਿਆ ਪ੍ਰਾਪਤ ਕਰਨ ਲਈ ਨਹੀਂ ਭੇਜ ਸਕਦੇ। ਉਨ੍ਹਾਂ ਦੇ ਬੱਚਿਆਂ ਨੂੰ ਛੋਟੀ ਉਮਰ ਵਿੱਚ ਹੀ ਘਰ ਦਾ ਗੁਜ਼ਾਰਾ ਚਲਾਉਣ ਲਈ ਮਜ਼ਦੂਰੀ ਕਰਨੀ ਪੈਂਦੀ ਹੈ। ਬੱਚਿਆਂ ਨੂੰ ਪੌਸ਼ਟਿਕ ਆਹਾਰ ਨਾ ਮਿਲਣ ਕਰਕੇ ਉਨ੍ਹਾਂ ਨੂੰ ਕਈ ਤਰ੍ਹਾਂ ਦੇ ਲਾਇਲਾਜ ਰੋਗ ਲੱਗ ਜਾਂਦੇ ਹਨ ਅਤੇ ਕਈ ਬੱਚੇ ਇਲਾਜ ਤੋਂ ਬਿਨਾਂ ਆਪਣੀ ਪੂਰੀ ਉਮਰ ਵੀ ਭੋਗ ਨਹੀਂ ਪਾਉਂਦੇ।

ਕਈ ਨੌਜਵਾਨ ਸਰਕਾਰ ਅਤੇ ਸਰਮਾਏਦਾਰੀ ਨੂੰ ਗਰੀਬੀ ਦਾ ਮੁੱਖ ਦੋਸ਼ੀ ਮੰਨਦੇ ਹਨ। ਉਨ੍ਹਾਂ ਦੇ ਅਨੁਸਾਰ ਸੰਪਤੀ ਦੀ ਕਾਣੀ ਵੰਡ ਲਈ ਮੌਜੂਦਾ ਸਰਕਾਰ ਜ਼ਿੰਮੇਵਾਰ ਹੈ ਜਿਹੜੀ ਅਮੀਰਾਂ ਨੂੰ ਹੋਰ ਅਮੀਰ ਬਣਾਉਣ ਲਈ ਮਦਦ ਕਰ ਰਹੀ ਹੈ ਅਤੇ ਗਰੀਬਾਂ ਦੀ ਭਲਾਈ ਲਈ ਕੁਝ ਵੀ ਨਹੀਂ ਕਰਦੀ। ਕਈ ਨੌਜਵਾਨ ਵਿਦਰੋਹੀ ਬਣ ਜਾਂਦੇ ਹਨ ਅਤੇ ਸਰਕਾਰ ਦੇ ਵਿਰੁੱਧ ਅੰਦੋਲਨ ਛੇੜ ਦਿੰਦੇ ਹਨ ਇਸ ਕਰਕੇ ਪੰਜਾਬ ਦਾ ਵਿਕਾਸ ਰੁਕ ਜਾਂਦਾ ਹੈ।

Do not write outside the box

**0 7** ਪੰਜਾਬੀ ਅਖਬਾਰ ਵਿੱਚੋਂ ਗਰੀਬੀ ਦੇ ਸਮਾਜ ਤੇ ਪ੍ਰਭਾਵ ਬਾਰੇ ਵਾਰਤਾ ਪੜ੍ਹੋ । ਵਾਰਤਾ ਵਿੱਚ ਪੜ੍ਹੀ ਜਾਣਕਾਰੀ ਨੂੰ ਆਪਣੀ ਖੋਜ ਵਿਚਲੀ ਜਾਣਕਾਰੀ ਨਾਲ ਮਿਲਾ ਕੇ ਹੇਠ ਲਿਖੇ ਪ੍ਰਸ਼ਨ ਬਾਰੇ **ਪੰਜਾਬੀ ਵਿੱਚ** ਲਗਭਗ **300** ਸ਼ਬਦਾਂ ਦਾ ਇੱਕ ਲੇਖ ਲਿਖੋ ।

ਅੱਜ ਕੱਲ੍ਹ ਗਰੀਬੀ ਪੰਜਾਬ ਦੇ ਲੋਕਾਂ ਨੂੰ ਕਿਵੇਂ ਪ੍ਰਭਾਵਿਤ ਕਰ ਰਹੀ ਹੈ ? ਵਿਸ਼ਲੇਸ਼ਣ ਕਰਦੇ ਹੋਏ ਲਿਖੋ ਕਿ ਗਰੀਬੀ ਦੇ ਹੱਲ ਲਈ ਪੰਜਾਬ ਸਰਕਾਰ ਨੂੰ ਕਿਹੋ ਜਿਹੇ ਯਤਨ ਕਰਨੇ ਚਾਹੀਦੇ ਹਨ ।

**[40 marks]**

**Turn over ▶**

*Do not write outside the box*

Do not write outside the box

40

**Turn over for Question 8**

Do not write outside the box

**0 8** **Tourism in the Punjab**

**ਸੈਰ-ਸਪਾਟੇ ਦੇ ਬੁਨਿਆਦੀ ਢਾਂਚੇ ਦਾ ਵਿਕਾਸ**

ਪੰਜਾਬ ਸਰਕਾਰ ਰਾਜ ਵਿੱਚ ਸੈਰ-ਸਪਾਟੇ ਦੇ ਵਿਕਾਸ ਲਈ ਪੂਰੀ ਤਰ੍ਹਾਂ ਵਚਨਬੱਧ ਹੈ, ਇਹ ਗੱਲ ਵੱਖ-ਵੱਖ ਪ੍ਰੋਜੈਕਟਾਂ ਤੇ ਚੱਲ ਰਹੇ ਕੰਮ ਤੋਂ ਸਾਬਤ ਹੁੰਦੀ ਹੈ। ਸੂਬੇ ਅੰਦਰ ਪੰਜ ਸੌ ਕਰੋੜ ਰੁਪਏ ਦੀ ਲਾਗਤ ਨਾਲ ਸੈਰ-ਸਪਾਟੇ ਨਾਲ ਸੰਬੰਧਿਤ ਕਾਰਜ ਜੰਗੀ ਪੱਧਰ ਤੇ ਚੱਲ ਰਹੇ ਹਨ ਜਿਨ੍ਹਾਂ ਦੇ ਮੁਕੰਮਲ ਹੁੰਦਿਆਂ-ਸਾਰ ਹੀ ਪੰਜਾਬ ਦੁਨੀਆਂ ਦੇ ਸੈਰ-ਸਪਾਟੇ ਦੇ ਨਕਸ਼ੇ ਤੇ ਉੱਭਰ ਕੇ ਸਾਹਮਣੇ ਆ ਜਾਵੇਗਾ।

ਪੰਜਾਬ ਸਰਕਾਰ ਇਤਿਹਾਸਕ ਅਤੇ ਵਿਰਾਸਤੀ ਥਾਂਵਾਂ ਦੇ ਮੁਹਾਂਦਰੇ ਨੂੰ ਹੋਰ ਖੂਬਸੂਰਤ ਬਣਾਉਣ ਲਈ ਅਤੇ ਸੈਲਾਨੀਆਂ ਦੀ ਖਿੱਚ ਵਾਲੀਆਂ ਥਾਂਵਾਂ ਦਾ ਵਿਕਾਸ ਅਮਲ ਵਿੱਚ ਲਿਆਉਣ ਵਿੱਚ ਲੱਗੀ ਹੋਈ ਹੈ। ਸੈਰ-ਸਪਾਟਾ ਅਤੇ ਸਭਿਆਚਾਰਕ ਮੰਤਰੀ ਅਨੁਸਾਰ ਸਰਹਿੰਦ ਵਿਖੇ ਨਵਾਂ ਹਾਈ-ਵੇ ਬਣਾਇਆ ਜਾ ਰਿਹਾ ਹੈ ਜਿਸ ਕਰਕੇ ‘ਫਲੋਟਿੰਗ ਰੈਸਟੋਰੈਂਟ’ ਨੂੰ ਜਾਣ ਵਾਲੀ ਸੜਕ ਦਾ ਕੰਮ ਕਾਫ਼ੀ ਪ੍ਰਭਾਵਿਤ ਹੋਇਆ ਹੈ। ਉਨ੍ਹਾਂ ਅੱਗੇ ਦੱਸਿਆ ਕਿ ਪੰਜਾਬ ਸਰਕਾਰ ‘ਫਲੋਟਿੰਗ ਰੈਸਟੋਰੈਂਟ’ ਨੂੰ ਆਮ ਲੋਕਾਂ, ਰਾਹਗੀਰਾਂ ਅਤੇ ਖਾਸ ਕਰਕੇ ਸੈਲਾਨੀਆਂ ਵਾਸਤੇ ਖਿੱਚ ਦਾ ਕੇਂਦਰ ਬਣਾਉਣ ਜਾ ਰਹੀ ਹੈ। ਸ੍ਰੀ ਖੁਰਾਲਗੜ੍ਹ ਵਿਖੇ ਸ੍ਰੀ ਗੁਰੂ ਰਵਿਦਾਸ ਜੀ ਦੀ ਯਾਦਗਾਰ ‘ਮੀਨਾਰ-ਏ-ਬੇਗਮ ਪੁਰਾ’ ਲਈ ਪੰਜਾਬ ਸਰਕਾਰ ਨੇ ਇੱਕ ਸੌ ਤਿੰਨ ਕਰੋੜ ਰੁਪਏ ਮਨਜ਼ੂਰ ਕੀਤੇ ਹਨ। ਯਾਦਗਾਰ ਦਾ ਕੰਮ ਸ਼ੁਰੂ ਵੀ ਹੋ ਚੁੱਕਿਆ ਹੈ ਅਤੇ ਇਹ ਪ੍ਰੋਜੈਕਟ ਆਉਂਦੇ ਸਤੰਬਰ ਮਹੀਨੇ ਤੱਕ ਮੁਕੰਮਲ ਹੋ ਜਾਵੇਗਾ।

ਸੈਰ-ਸਪਾਟਾ ਵਿਭਾਗ ਨੇ ਰੋਪੜ ਵਿਖੇ ਲਗਭਗ ਸਤੱਤਰ ਕਰੋੜ ਰੁਪਏ ਦੀ ਲਾਗਤ ਨਾਲ ਸੇਮ ਵਾਲੇ ਖੇਤਰ ਦੇ ਬੁਨਿਆਦੀ ਢਾਂਚੇ ਦੇ ਵਿਕਾਸ ਦਾ ਕਾਰਜ ਪੂਰਾ ਕਰ ਲਿਆ ਹੈ। ਪਾਣੀ ਵਾਲੇ ਖੇਤਰ ਵਿੱਚ ਬਣੇ ‘ਬਰਡ ਵਾਚ ਟਾਵਰ’ ਸੈਲਾਨੀਆਂ ਨੂੰ ਇੱਕ ਦਿਲਚਸਪ ਤਜਰਬਾ ਪ੍ਰਦਾਨ ਕਰਨਗੇ। ਇਸ ਜਗ੍ਹਾ ਤੇ ਇੱਕ ‘ਬੋਰਡ ਵਾਕ’ ਵੀ ਬਣਾਇਆ ਗਿਆ ਹੈ ਜਿੱਥੇ ਸੈਲਾਨੀ ਪਾਣੀ ਵਿੱਚ ਪੰਛੀਆਂ ਤੇ ਨਜ਼ਦੀਕ ਤੋਂ ਨਜ਼ਰ ਰੱਖਣ ਦੇ ਯੋਗ ਹੋ ਜਾਣਗੇ। ਜੰਗਲ ਪ੍ਰੇਮੀ ਅਤੇ ਸਵੇਰ ਦੀ ਸੈਰ ਕਰਨ ਵਾਲੇ ਵੀ ਰੋਪੜ ਦੇ ਸੁਰੱਖਿਅਤ ਜੰਗਲ ਵਿੱਚ ਕੁਦਰਤ ਦੀ ਸੁੰਦਰਤਾ ਦਾ ਨੇੜਿਉਂ ਹੋ ਕੇ ਆਨੰਦ ਮਾਣ ਸਕਣਗੇ।

Do not write outside the box

**0 8** ਪੰਜਾਬੀ ਰਸਾਲੇ ਵਿੱਚੋਂ ਲਈ ਗਈ ਸੈਰ-ਸਪਾਟੇ ਦੇ ਬੁਨਿਆਦੀ ਢਾਂਚੇ ਦੇ ਵਿਕਾਸ ਬਾਰੇ ਵਾਰਤਾ ਪੜ੍ਹੋ । ਵਾਰਤਾ ਵਿੱਚ ਪੜ੍ਹੀ ਜਾਣਕਾਰੀ ਨੂੰ ਆਪਣੀ ਖੋਜ ਵਿਚਲੀ ਜਾਣਕਾਰੀ ਨਾਲ ਮਿਲਾ ਕੇ ਹੇਠ ਲਿਖੇ ਪ੍ਰਸ਼ਨ ਬਾਰੇ **ਪੰਜਾਬੀ ਵਿੱਚ** ਲਗਭਗ **300** ਸ਼ਬਦਾਂ ਦਾ ਇੱਕ ਲੇਖ ਲਿਖੋ ।

ਪੰਜਾਬ ਵਿੱਚ ਦੇਖਣਯੋਗ ਥਾਂਵਾਂ ਦੇ ਵਿਕਾਸ ਲਈ ਪੰਜਾਬ ਸਰਕਾਰ ਵੱਲੋਂ ਕੀਤੇ ਜਾ ਰਹੇ ਯਤਨਾਂ ਦਾ ਵਿਸ਼ਲੇਸ਼ਣ ਕਰਦੇ ਹੋਏ ਲਿਖੋ ਕਿ ਸੈਲਾਨੀਆਂ ਦੀ ਗਿਣਤੀ ਵਧਾਉਣ ਲਈ ਸਰਕਾਰ ਸੈਰ-ਸਪਾਟੇ ਦੇ ਬੁਨਿਆਦੀ ਢਾਂਚੇ ਦੇ ਵਿਕਾਸ ਲਈ ਹੋਰ ਕਿਹੋ ਜਿਹੇ ਉਪਰਾਲੇ ਕਰ ਸਕਦੀ ਹੈ ।

**[40 marks]**

**Turn over ▶**

*Do not write outside the box*

Do not write outside the box

40

Turn over for Question 9

Do not write outside the box

**0 9** **Partition of the Punjab in 1947**

**ਵੰਡ ਦਾ ਪਿਛੋਕੜ**

ਭਾਰਤ ਤੇ ਪਾਕਿਸਤਾਨ ਦੀ ਵੰਡ ਨੂੰ ਅੰਗਰੇਜ਼ਾਂ ਦੀ 'ਪਾੜੋ ਤੇ ਰਾਜ ਕਰੋ' ਵਾਲੀ ਨੀਤੀ ਨੇ ਉਤਸ਼ਾਹਿਤ ਕੀਤਾ ਸੀ। ਭਾਰਤ ਵਿੱਚ ਮੁਸਲਮਾਨ ਘੱਟ ਗਿਣਤੀ ਵਿੱਚ ਸਨ ਅਤੇ ਕੁਝ ਮੁਸਲਮਾਨ ਨੇਤਾ ਇਸ ਗੱਲ ਤੋਂ ਚਿੰਤਤ ਸਨ ਕਿ ਹਿੰਦੂਆਂ ਦੇ ਦਬਦਬੇ ਵਾਲੇ ਹਿੰਦੋਸਤਾਨ ਵਿੱਚ ਉਨ੍ਹਾਂ ਨਾਲ ਬੁਰਾ ਵਿਵਹਾਰ ਹੋਵੇਗਾ। ਮੁਸਲਿਮ ਲੀਗ ਦੇ ਰਾਜਨੀਤਕ ਆਗੂ ਜਨਾਬ ਮੁਹੰਮਦ ਅਲੀ ਜਿਨਾਹ ਦਾ ਮੰਨਣਾ ਸੀ ਕਿ ਮੁਸਲਮਾਨਾਂ ਨੂੰ ਇੱਕ ਵੱਖਰੇ ਦੇਸ਼ ਦੀ ਲੋੜ ਹੈ।

ਅਗਸਤ 1946 ਨੂੰ ਕਲਕੱਤਾ ਵਿੱਚ ਹਿੰਦੂਆਂ ਅਤੇ ਮੁਸਲਮਾਨਾਂ ਵਿਚਕਾਰ ਇੱਕ ਵਿਆਪਕ ਹਿੰਸਾ ਸ਼ੁਰੂ ਹੋ ਗਈ ਜਿਹੜੀ ਬਾਅਦ ਵਿੱਚ ਜੰਗਲ ਦੀ ਅੱਗ ਵਾਂਗ ਸਾਰੇ ਉੱਤਰੀ ਭਾਰਤ ਵਿੱਚ ਫੈਲ ਗਈ। ਮੁਸਲਮਾਨਾਂ ਨੇ ਕਲਕੱਤੇ ਵਿੱਚ ਸਿੱਧੀ ਕਾਰਵਾਈ ਵਾਲੇ ਦਿਨ, ਪਾਕਿਸਤਾਨ ਬਣਾਉਣ ਲਈ ਬਰਤਾਨੀਆ ਸਰਕਾਰ ਤੇ ਦਬਾਅ ਪਾਉਣ ਲਈ ਹੜਤਾਲ ਕੀਤੀ। ਉਸ ਵਿਰੋਧ ਪ੍ਰਦਰਸ਼ਨ ਕਾਰਨ ਬ੍ਰਿਟਿਸ਼ ਇੰਡੀਆ ਨੇ ਫਿਰਕੂ ਦੰਗਿਆਂ ਦੇ ਕੁਝ ਸਭ ਤੋਂ ਭੈੜੇ ਦਿਨ ਵੇਖੇ।

ਬ੍ਰਿਟਿਸ਼ ਰਾਜ ਵਿੱਚ ਜ਼ਿਆਦਾਤਰ ਭਾਰਤੀ ਆਬਾਦੀ ਹਿੰਦੂਆਂ ਦੀ ਸੀ ਪਰ ਕੁਝ ਰਾਜਾਂ ਵਿੱਚ ਮੁਸਲਮਾਨ ਬਹੁ-ਗਿਣਤੀ ਵਿੱਚ ਸਨ। ਬ੍ਰਿਟੇਨ ਨੇ ਰਾਜਨੀਤਕ ਗੜਬੜੀ ਕਾਰਨ ਮੁਸਲਮਾਨਾਂ ਵਾਸਤੇ ਵੱਖਰਾ ਰਾਸ਼ਟਰ ਬਣਾਉਣ ਲਈ ਭਾਰਤ ਨੂੰ ਵੰਡਣ ਦਾ ਫੈਸਲਾ ਲਿਆ। ਪਰ ਤੁਰੰਤ ਸਪੱਸ਼ਟ ਨਹੀਂ ਸੀ ਕਿ ਕਿਹੜੇ ਰਾਜ ਕਿਹੜੇ ਦੇਸ਼ ਵਿੱਚ ਸ਼ਾਮਲ ਹੋਣਗੇ। ਕੁਝ ਰਿਆਸਤਾਂ ਨੂੰ ਕਿਸੇ ਵੀ ਦੇਸ਼ ਨਾਲ ਰਲਣ ਦਾ ਅਧਿਕਾਰ ਦੇ ਦਿੱਤਾ ਗਿਆ ਪਰ ਆਸਾਮ, ਬੰਗਾਲ ਅਤੇ ਪੰਜਾਬ ਵਰਗੇ ਪ੍ਰਾਂਤਾਂ ਨੂੰ ਅੱਧੋ-ਅੱਧੀ ਇੰਡੀਆ ਅਤੇ ਪਾਕਿਸਤਾਨ ਵਿੱਚ ਵੰਡ ਦਿੱਤਾ ਗਿਆ। ਬਾਕੀ ਬਚੀਆਂ ਰਿਆਸਤਾਂ ਕੋਈ ਵੀ ਦੇਸ਼ ਚੁਣ ਸਕਦੀਆਂ ਸਨ।

ਭਾਰਤ ਅਤੇ ਪਾਕਿਸਤਾਨ ਨੂੰ 14 ਅਗਸਤ 1947 ਨੂੰ ਅੰਗਰੇਜ਼ਾਂ ਨੇ ਸੁਤੰਤਰਤਾ ਦੇ ਦਿੱਤੀ ਪਰ ਨਵੀਂ ਸਰਹੱਦ ਬਾਰੇ ਜਨਤਾ ਨੂੰ ਦੋ ਦਿਨਾਂ ਬਾਅਦ ਦੱਸਿਆ ਗਿਆ। ਪੰਜਾਬ ਦੇ ਦੋਵਾਂ ਹਿੱਸਿਆਂ ਵਿੱਚ ਹਿੰਸਾ ਸਭ ਤੋਂ ਜ਼ਿਆਦਾ ਸੀ ਕਿਉਂਕਿ ਹਿੰਦੂ ਇੱਕ ਦਿਸ਼ਾ ਵੱਲ ਅਤੇ ਮੁਸਲਮਾਨ ਦੂਸਰੇ ਪਾਸੇ ਵੱਲ ਜਾ ਰਹੇ ਸਨ, ਸਿੱਖ ਅਤੇ ਹੋਰ ਘੱਟ ਗਿਣਤੀ ਦੇ ਲੋਕ ਉਨ੍ਹਾਂ ਦੋਹਾਂ ਦੇ ਵਿਚਕਾਰ ਪਿਸ ਕੇ ਰਹਿ ਗਏ। ਸਹੀ ਅੰਕੜਿਆਂ ਦਾ ਅੰਦਾਜ਼ਾ ਲਗਾਉਣਾ ਤਾਂ ਮੁਸ਼ਕਲ ਹੈ ਪਰ ਇਹ ਮੰਨਿਆ ਜਾਂਦਾ ਹੈ ਕਿ ਇੱਕ ਕਰੋੜ ਸੱਠ ਲੱਖ ਲੋਕ ਘਰੋਂ ਬੇਘਰ ਹੋਏ, ਵੀਹ ਲੱਖ ਲੋਕ ਮਾਰੇ ਗਏ ਅਤੇ ਇੱਕ ਲੱਖ ਇਸਤਰੀਆਂ ਜਾਂ ਲੜਕੀਆਂ ਦੀ ਇੱਜ਼ਤ ਲੁੱਟੀ ਗਈ।

Do not write outside the box

**0 9** ਪੰਜਾਬੀ ਦੀ ਇੱਕ ਔਨਲਾਈਨ ਅਖਬਾਰ ਵਿੱਚੋਂ ਪੰਜਾਬ ਦੀ ਵੰਡ ਦੇ ਪਿਛੋਕੜ ਬਾਰੇ ਵਾਰਤਾ ਪੜ੍ਹੋ। ਵਾਰਤਾ ਵਿੱਚ ਪੜ੍ਹੀ ਜਾਣਕਾਰੀ ਨੂੰ ਆਪਣੀ ਖੋਜ ਵਿਚਲੀ ਜਾਣਕਾਰੀ ਨਾਲ ਮਿਲਾ ਕੇ ਹੇਠ ਲਿਖੇ ਪ੍ਰਸ਼ਨ ਬਾਰੇ **ਪੰਜਾਬੀ ਵਿੱਚ** ਲਗਭਗ **300** ਸ਼ਬਦਾਂ ਦਾ ਇੱਕ ਲੇਖ ਲਿਖੋ।

1947 ਵਿੱਚ ਹੋਈ ਪੰਜਾਬ ਦੀ ਵੰਡ ਦੇ ਪਿਛੋਕੜ ਦਾ ਵਿਸ਼ਲੇਸ਼ਣ ਕਰਦੇ ਹੋਏ ਲਿਖੋ ਕਿ 1947 ਦੀ ਵੰਡ ਨਾਲ ਹੋਣ ਵਾਲੇ ਜਾਨ ਤੇ ਮਾਲ ਦੇ ਨੁਕਸਾਨ ਨੂੰ ਕਿਵੇਂ ਰੋਕਿਆ ਜਾ ਸਕਦਾ ਸੀ।

**[40 marks]**

**Turn over ▶**

*Do not write outside the box*

Do not write outside the box

40

**END OF QUESTIONS**

Do not write outside the box

**There are no questions printed on this page**

**DO NOT WRITE ON THIS PAGE**
**ANSWER IN THE SPACES PROVIDED**

*Do not write outside the box*

| Question number | **Additional page, if required. Write the question numbers in the left-hand margin.** |
|---|---|
| | |

*Do not write outside the box*

| Question number | **Additional page, if required. Write the question numbers in the left-hand margin.** |
| --- | --- |

**Copyright information**

For confidentiality purposes, all acknowledgements of third-party copyright material are published in a separate booklet. This booklet is published after each live examination series and is available for free download from www.aqa.org.uk.

Permission to reproduce all copyright material has been applied for. In some cases, efforts to contact copyright-holders may have been unsuccessful and AQA will be happy to rectify any omissions of acknowledgements. If you have any queries please contact the Copyright Team.

Copyright © 2022 AQA and its licensors. All rights reserved.